# ਫ਼ਰਾਂਸ ਦੀ ਬਾਗ਼ੀ ਆਤਮਾ

G. 785

ਅਨੁਵਾਦਿਕ—ਅਮਰ ਸਿੰਘ ਬੀ. ਏ.,
ਐਡੀਟਰ—ਪਿਆਰਾ ਸਿੰਘ 'ਸਹਿਰਾਈ'

SARDAR DYAL SINGH
LAHORE
LIBRARY.

★

ਪ੍ਰੀਤ ਨਗਰ ਸ਼ਾਪ

ਲਾਹੌਰ

ਜੂਨ ੧੯੪੪ ਕੀਮਤ ੧)

940.53
M८२६
30179

# ਭੂਮਿਕਾ

ਫ਼ਰਾਂਸ ਦੀ ਇਨਕਲਾਬੀ ਲਹਿਰ ਦੇ ਮਸ਼ਹੂਰ ਲੀਡਰਾਂ ਦੇ ਲਿਖੇ ਹੋਏ ਮਜ਼ਮੂਨਾਂ ਦਾ ਇਹ ਸੰਗ੍ਰਹਿ ਤੁਹਾਨੂੰ ਦਸੇਗਾ ਕਿ ਫ਼ਰਾਂਸੀਸੀ ਲੋਕ ਕਿਸ ਤਰ੍ਹਾਂ ਹਿਟਲਰੀ ਫ਼ਾਸਿਸਟਾਂ ਅਤੇ ਉਹਨਾਂ ਦੀਆਂ ਵਿੱਚੀ-ਵਾਦ ਪੂਛਲਾਂ ਨਾਲ ਲੜ ਰਹੇ ਹਨ । ਇਹ ਤੁਹਾਨੂੰ ਫ਼ਰਾਂਸ ਦੀ ਉਠ ਰਹੀ ਬਾਗ਼ੀ ਆਤਮਾ ਦਰਸਾਏਗਾ ਅਤੇ ਦਸੇਗਾ ਕਿ ਕਿਸ ਤਰ੍ਹਾਂ ਫ਼ਰਾਂਸੀਸੀ ਦੇਸ਼ ਭਗਤਾਂ ਦੀਆਂ ਸਾਰੀਆਂ ਜਮਾਤਾਂ ਦੀ ਫੈਸਿਜ਼ਮ ਵਿਰੁਧ ਏਕਤਾ ਵਧ ਰਹੀ ਹੈ । ਇਹ ਤੁਹਾਨੂੰ ਉਹਨਾਂ ਬਹਾਦਰਾਂ ਅਤੇ ਸ਼ਹੀਦਾਂ ਨਾਲ ਜਾਣ ਪਛਾਣ ਕਰਾਏਗਾ ਜਿਨ੍ਹਾਂ ਇਸ ਬਗ਼ਾਵਤ ਅਤੇ ਏਕੇ ਦੀ ਅਗਵਾਈ ਕੀਤੀ ਹੈ ਜਾਂ ਕਰ ਰਹੇ ਹਨ ।

੧੯੪੦ ਵਿਚ ਫ਼ਰਾਂਸ ਦੇ ਢੈ ਪੈਣ ਨੇ, ਕਮਿਊਨਿਸਟ ਪਾਰਟੀ ਤੋਂ ਛੁਟ ਹੋਰ ਸਾਰੀਆਂ ਦੇਸ਼ ਭਗਤ ਰਾਜਸੀ ਪਾਰਟੀਆਂ ਦਾ ਖ਼ਾਤਮਾ ਕਰ ਦਿਤਾ। ਕਮਿਊਨਿਸਟ ਪਾਰਟੀ ਹੀ ਇਕ ਅਜੇਹੀ ਪਾਰਟੀ ਸੀ, ਜੇਹੜੀ ਨਾਜ਼ੀਆਂ ਤੋਂ ਕੁਚਲੀ ਨਾ ਜਾ ਸਕੀ। ਇਹੋ ਇਕ ਪਾਰਟੀ ਸੀ, ਜਿਸ ਨੇ ਇਕ ਤਕੜੀ ਖ਼ੁਫ਼ੀਆ ਜਥੇਬੰਦੀ ਬਣਾ ਕੇ ਫ਼ਰਾਂਸੀਸੀ ਲੋਕਾਂ ਨੂੰ ਢਹਿੰਦੀਆਂ ਕਲਾਂ ਵਲ ਜਾਣੋਂ ਰੋਕਿਆ ਅਤੇ ਮੁਕਾਬਲੇ ਲਈ ਤਿਆਰ ਕੀਤਾ।

ਇਹੋ ਇਕ ਪਾਰਟੀ ਸੀ, ਜਿਸ ਉਤੇ ਨਾਜ਼ੀ ਜੱਲਾਦਾਂ ਨੇ ਆਪਣਾ ਸਾਰਾ ਕਹਿਰ ਇਕੱਠਾ ਕਰ ਦਿਤਾ । ਹਜ਼ਾਰਾਂ ਬਹਾਦਰ ਫ਼ਰਾਂਸੀਸੀ ਕਮਿਊਨਿਸਟ, ਜੁਆਨ ਤੇ ਬੁਢੇ, ਮਰਦ ਤੇ ਤੀਵੀਂਆਂ, ਮਾਤ-ਭੂਮੀ ਦੀ ਜੰਗ ਵਿਚ ਸ਼ਹੀਦ ਹੋ ਗਏ।

ਪਰ ਪਾਰਟੀ ਨੇ ਫਿਰ ਵੀ ਆਪਣਾ ਕੰਮ ਬਿਨਾ ਥਕਾਵਟ ਦੇ, ਦਲੇਰੀ ਨਾਲ ਜਾਰੀ ਰਖਿਆ। ਪਾਰਟੀ ਦਾ ਜੈਨਰਲ ਸੈਕ੍ਰੇਟਰੀ, ਮਾਰਿਸ ਥੋਰੇ ਫ਼ਰਾਂਸ ਦੇ ਅੰਦਰ, ਗੈਸਟਾਪੋ (ਜਰਮਨ ਖ਼ੁਫ਼ੀਆ ਪੁਲਸ) ਅਤੇ



ਵਿੱਚੀ-ਵਾਦ ਪੁਤਲੀਆਂ ਦੇ ਐਨ ਵਿਚਕਾਰ ਰਹਿ ਕੇ ਕੰਮ ਕਰਦਾ ਰਿਹਾ।

ਸੋਵੀਅਟ ਯੂਨੀਅਨ ਦੇ ਲੜਾਈ ਵਿਚ ਆ ਜਾਣ ਨਾਲ, ਅਤੇ ਸੋਵੀਅਟ ਲੋਕਾਂ ਤੇ ਉਹਨਾਂ ਦੀ ਮਹਾਨ ਲਾਲ ਫ਼ੌਜ ਦੀ ਬੀਰਤਾ ਭਰੀ ਜੰਗ ਨੇ ਫ਼ਰਾਂਸ ਦੀ ਅੰਦਰਲੀ ਦਸ਼ਾ ਦਾ ਹੁਲੀਆ ਬਦਲ ਦਿਤਾ। ਮੁਕਾਬਲੇ ਦੀ ਦੇਸ਼ ਭਗਤਕ ਲਹਿਰ ਉਠੀ ਅਤੇ ਜੰਗਲ ਦੀ ਅੱਗ ਵਾਂਗ ਫੈਲ ਗਈ। ਜੇਹੜਾ ਝੰਡਾ ਕਈ ਮਹੀਨੇ ਇਕੱਲੀ ਕਮਿਊਨਿਸਟ ਪਾਰਟੀ ਨੇ ਬਹਾਦਰੀ ਨਾਲ ਉੱਚਾ ਕੀਤਾ ਰਖਿਆ ਸੀ, ਉਹ ਹੁਣ ਫ਼ਰਾਂਸੀਸੀ ਦੇਸ਼ ਭਗਤਾਂ ਅਤੇ ਲੋਕਾਂ ਦੇ ਬਹੁਤ ਹਿਸਿਆਂ ਦਾ ਝੰਡਾ ਹੁੰਦਾ ਗਿਆ।

ਲਾਲ ਫ਼ੌਜ ਦੀ ਲਗਾਈ ਹਰ ਇਕ ਸੱਟ ਅਤੇ ਇਤਿਹਾਦੀਆਂ ਦੇ ਯੂਰਪ ਵਿਚ ਦੂਜਾ ਮੁਹਾਜ਼ ਖੋਲ੍ਹਨ ਲਈ ਚੁਕੇ ਹਰ ਇਕ ਕਦਮ ਨਾਲ, ਹਿਟਲਰੀ ਫੈਸਿਜ਼ਮ ਦਾ ਸੰਕਟ ਡੂੰਘੇਰਾ ਹੁੰਦਾ ਗਿਆ ਅਤੇ ਫ਼ਰਾਂਸੀਸੀ ਲੋਕਾਂ ਦੇ ਨਾਜ਼ੀਆਂ ਤੇ ਉਹਨਾਂ ਦੀਆਂ ਪੂਛਲਾਂ ਉਤੇ ਕੀਤੇ ਜਾ ਰਹੇ ਵਾਰ ਵਧੇਰੇ ਜ਼ੋਰਦਾਰ ਅਤੇ ਤੇਜ਼ ਹੁੰਦੇ ਗਏ।

ਫ਼ਰਾਂਸ ਦੀ ਕਮਿਊਨਿਸਟ ਪਾਰਟੀ ਨੇ, ਫ਼ਰਾਂਸੀਸੀ ਲੋਕਾਂ ਦੇ ਸਾਰੇ ਦੇਸ਼ ਭਗਤਕ ਹਿਸਿਆਂ ਨੂੰ, ਜਿਹੜੇ ਫ਼ਰਾਂਸ ਦੀ ਆਜ਼ਾਦੀ ਲਈ ਫ਼ੈਸਿਜ਼ਮ ਅਤੇ ਉਸਦੇ ਸਥਾਨਕ ਮਦਦਗਾਰਾਂ ਦੇ ਖ਼ਿਲਾਫ ਲੜਨ ਦੇ ਹੱਕ ਵਿਚ ਸਨ, ਵਧ ਤੋਂ ਵਧ ਏਕਤਾ ਪੈਦਾ ਕਰਨ ਦਾ ਸੱਦਾ ਦਿੱਤਾ। ਉਹਨਾਂ ਆਜ਼ਾਦ ਫ਼ਰਾਂਸੀਸੀਆਂ ਦੀ ਨੈਸ਼ਨਲ ਕਮੇਟੀ ਬਣਾਣ ਦਾ ਉਪਰਾਲਾ ਕੀਤਾ – ਨਾਜ਼ੀਆਂ ਅਤੇ ਉਹਨਾਂ ਦੇ ਫ਼ਰਾਂਸੀਸੀ ਪਿਠੂਆਂ ਦੇ ਮੁਕਾਬਲੇ ਲਈ ਫ਼ਰਾਂਸੀਸੀਆਂ ਦੀ ਇਕ ਸਾਂਝੀ ਸੰਸਥਾ।

ਜ਼ਰਾ ਜੂਨ ੧੯੪੦ ਨੂੰ ਚੇਤੇ ਕਰੋ, ਜਦੋਂ ਫ਼ਰਾਂਸ ਢੱਠਾ ਸੀ ਅਤੇ ਉਸ ਦਾ ਅਜ ਦੇ ਫ਼ਰਾਂਸ ਨਾਲ ਮੁਕਾਬਲਾ ਕਰੋ।

ਅਜ ਇਕ ਤਕੜੀ, ਦੇਸ਼ ਭਗਤਕ, ਫੈਸਿਜ਼ਮ-ਵਿਰੁਧ ਲਹਿਰ ਸਾਰੇ ਫ਼ਰਾਂਸ ਵਿਚ ਫੈਲੀ ਹੋਈ ਹੈ। ਇਸ ਲਹਿਰ ਦੇ ਸਾਰੇ ਹਿੱਸਿਆਂ ਵਿਚ ਏਕਤਾ ਲਿਆਂਦੀ ਜਾ ਚੁਕੀ ਹੈ – ਪਾਗ਼ਲਾਨਾਂ ਸਾਜ਼ਸ਼ਾਂ ਅਤੇ ਚਲਾਕੀਆਂ

**TO READ THE ENTIRE BOOK PLEASE CONTACT US:**

whatsapp: +92-3160770117

email: worldcentreforpunjabi@gmail.com

World Centre for Punjabi, Lahore, Pakistan.